# ਦਫ਼ਤਰ ਪ੍ਰਿੰਸੀਪਲ ਸਰਕਾਰੀ ਕਾਲਜ ਰੋਪੜ

ਮੀਮੋ ਨੰਬਰ: 2162
ਮਿਤੀ: 26/8/2025

**ਵਿਸ਼ਾ: ਕੰਟੀਨ ਦੀ ਬੋਲੀ ਦੇਣ ਅਤੇ ਕੰਟੀਨ ਸਬੰਧੀ ਸ਼ਰਤਾਂ ਅਤੇ ਹਦਾਇਤਾਂ:**

1. ਕੇਵਲ ਸਮੇਂ ਸਿਰ (ਮਿਤੀ 26-8-2025 ਤੱਕ) ਕੁਟੇਸ਼ਨ ਭੇਜਣ ਵਾਲਾ ਹੀ ਬੋਲੀ ਦੇ ਸਕੇਗਾ।
2. ਬੋਲੀ ਦੇਣ ਵਾਲਾ 10000/- ਰੁਪਏ ਬੋਲੀ ਦੇਣ ਤੋਂ ਪਹਿਲਾਂ ਜਮ੍ਹਾਂ ਕਰਵਾਏਗਾ ਜੋ ਕਿ ਮੋੜਨਯੋਗ ਹੋਵੇਗੀ।
3. ਕੁਟੇਸ਼ਨਾਂ ਸਭ ਦੇ ਸਾਹਮਣੇ ਖੋਲੀਆਂ ਜਾਣਗੀਆਂ ਅਤੇ ਤੁਲਨਾਤਮਕ ਸਾਰਣੀ ਬਣਾਈ ਜਾਵੇਗੀ।
4. ਕੁਟੇਸ਼ਨਾਂ ਵਿੱਚ ਹਰੇਕ ਆਈਟਮ ਵਿੱਚੋਂ ਘੱਟ ਤੋਂ ਘੱਟ ਰੇਟ ਨੂੰ ਚੁਣਿਆ ਜਾਵੇਗਾ ਜੋ ਕਿ ਮਾਰਕੀਟ ਸਰਵੇ ਮੰਨਿਆ ਜਾਵੇਗਾ। ਸਫ਼ਲ ਉੱਚੀ ਕੀਮਤ ਦੀ ਬੋਲੀ ਦੇਣ ਵਾਲਾ ਇਹ ਘੱਟ ਰੇਟ ਦੀ ਆਈਟਮ ਕੰਟੀਨ ਵਿੱਚ ਵੇਚਣ ਲਈ ਪਾਬੰਦ ਹੋਵੇਗਾ।
5. ਕਿਸੇ ਆਈਟਮ ਦਾ ਇੱਕ ਵਾਰ ਨਿਰਧਾਰਿਤ ਰੇਟ ਕਿਸੇ ਵੀ ਹਾਲਤ ਵਿੱਚ ਪੂਰੇ ਸੈਸ਼ਨ ਦੌਰਾਨ ਵਧਾਇਆ ਨਹੀਂ ਜਾ ਸਕੇਗਾ।
6. ਸਫ਼ਲ ਬੋਲੀਕਾਰ ਕੁਟੇਸ਼ਨ ਅਧਾਰ ਤੇ ਪਾਸ ਕੀਤੀ ਰੇਟ ਲਿਸਟ ਕੰਟੀਨ ਵਿੱਚ ਲਿਖ ਕੇ ਲਗਾਵੇਗਾ ਅਤੇ ਉਸ ਤੋਂ ਵੱਧ ਰੇਟ ਲੈਣ ਤੇ ਕੰਟੀਨ ਦਾ ਠੇਕਾ ਕੈਂਸਲ ਹੋ ਜਾਵੇਗਾ। ਰੇਟ ਵਧਾਉਣ ਦਾ ਕੋਈ ਵੀ ਕਾਰਨ ਵਾਜਬ ਨਹੀਂ ਠਹਿਰਾਇਆ ਜਾਵੇਗਾ।
7. ਪੀ ਡਬਲਯੂ ਡੀ ਕੰਟੀਨ ਦੁਆਰਾ ਨਿਰਧਾਰਿਤ ਕਿਰਾਇਆ ਦੇਣਾ ਹੋਵੇਗਾ ਅਤੇ ਵਿਭਾਗ ਜੇਕਰ ਸਰਕਾਰੀ ਨਿਰਦੇਸ਼ਾਂ ਅਨੁਸਾਰ ਕਿਰਾਇਆ ਜੇਕਰ ਵਧਾ ਦਿੰਦਾ ਹੈ ਤਾਂ ਸਫ਼ਲ ਬੋਲੀਕਾਰ ਇਹ ਵਾਧੂ ਕਿਰਾਇਆ ਜਮ੍ਹਾਂ ਕਰਵਾਉਣ ਦਾ ਵੀ ਪਾਬੰਦ ਹੋਵੇਗਾ।
8. ਸਫ਼ਲ ਬੋਲੀਕਾਰ ਇਹ ਸੁਨਿਸ਼ਚਿਤ ਕਰੇਗਾ ਕਿ ਉਹ ਜਾਂ ਉਸਦਾ ਕੋਈ ਕਰਮਚਾਰੀ ਕਿਸੇ ਵੀ ਅਧਿਕਾਰੀ/ਕਰਮਚਾਰੀ ਜਾਂ ਵਿਦਿਆਰਥੀ ਨਾਲ ਕੋਈ ਬਦਤਮੀਜੀ ਨਹੀਂ ਕਰੇਗਾ। ਜੇਕਰ ਸ਼ਿਕਾਇਤ ਮਿਲਦੀ ਤਾਂ ਠੇਕਾ ਕੈਸਲ ਹੋ ਜਾਣ ਦਾ ਜ਼ਿੰਮੇਵਾਰ ਬੋਲੀਕਾਰ ਹੋਵੇਗਾ। ਇਸ ਸਬੰਧੀ ਕਿਸੇ ਕਿਸਮ ਦੀ ਸੁਣਵਾਈ ਦਾ ਅਧਿਕਾਰ ਕੇਵਲ ਪ੍ਰਿੰਸੀਪਲ ਕੋਲ ਹੋਵੇਗਾ।
9. ਸਫ਼ਲ ਬੋਲੀਕਾਰ ਆਪਣੇ ਕਰਮਚਾਰੀਆਂ ਦੀ ਪੁਲਿਸ ਵੈਰੀਫਿਕੇਸ਼ਨ ਰਿਪੋਟਰ ਅਤੇ ਮੈਡੀਕਲ ਰਿਪੋਟਰ ਕਾਲਜ ਵਿੱਚ ਜਮ੍ਹਾਂ ਕਰਵਾਏਗਾ। ਇਨ੍ਹਾਂ ਕਰਮਚਾਰੀਆਂ ਤੋਂ ਇਲਾਵਾ ਲੋਈ ਹੋਰ ਕਰਮਚਾਰੀ ਉਸ ਦੀ ਕੰਟੀਨ ਵਿੱਚ ਕੰਮ ਨਹੀਂ ਕਰ ਸਕੇਗਾ।
10. ਕਾਲਜ ਵਿੱਚ ਹੋਣ ਵਾਲੇ ਕਿਸੇ ਵੀ ਸਮਾਗਮ ਲਈ ਆਪਣੀਆਂ ਸੇਵਾਵਾਂ ਦੇਣਾ ਸਫ਼ਲ ਬੋਲੀਕਾਰ ਲਈ ਜ਼ਰੂਰੀ ਹੋਵੇਗਾ। ਇਹ ਕਾਲਜ ਦੀ ਆਪਣੀ ਮਰਜੀ ਹੋਵੇਗੀ ਕਿ ਉਸ ਦੀਆਂ ਸੇਵਾਵਾਂ ਕਿਸੇ ਸਮਾਗਮ ਲਈ ਲਈਆਂ ਜਾਣਗੀਆ ਜਾ ਨਹੀਂ।
11. ਕਾਲਜ ਦੇ ਕਿਸੇ ਵੀ ਸਮਾਗਮ ਜਾਂ ਜਰੂਰਤ ਦੇ ਅਧਾਰ ਤੇ ਕੰਟੀਨ ਖੋਲ੍ਹਣਾ ਸਫ਼ਲ ਬੋਲੀਕਾਰ ਲਈ ਜਰੂਰੀ ਹੋਵੇਗਾ ਇਸ ਸਬੰਧੀ ਕਿਸੇ ਵੀ ਕਿਸਮ ਦੀ ਕੁਤਾਹੀ ਕੰਟੀਨ ਦਾ ਠੇਕਾ ਕੈਸਲ ਕਰਨ ਲਈ ਮਜ਼ਬੂਤ ਅਧਾਰ ਮੰਨੀ ਜਾਵੇਗੀ।
12. ਕੰਟੀਨ ਵਿੱਚ ਵੇਚਿਆ ਅਤੇ ਵਰਤਾਇਆ ਜਾਣ ਵਾਲਾ ਸਮਾਨ ਗੁਣਵੱਤਾ ਤੇ ਪੂਰੀ ਤਰ੍ਹਾਂ ਨਾਲ ਉੱਤਮ ਕੁਆਲਿਟੀ ਦਾ ਹੋਵੇਗਾ ਕਿਸੇ ਕਸਮ ਦੀ ਕੁਤਾਹੀ ਅਤੇ ਅਣਗਿਹਲੀ ਕਾਨੂੰਨੀ ਅਪਰਾਧ ਦੀ ਸ੍ਰੇਣੀ ਵਿੱਚ ਆਵੇਗੀ ਇਸ ਲਈ ਕੰਟੀਨ ਦਾ ਸਫ਼ਲ ਬੋਲੀਕਾਰ ਜ਼ਿੰਮੇਵਾਰ ਹੋਵੇਗਾ ਕਾਲਜ ਦੀ ਇਸ ਵਿੱਚ ਕੋਈ

ਜ਼ਿੰਮੇਵਾਰੀ ਨਹੀਂ ਹੋਵੇਗੀ। ਇਹ ਨੋਟ ਕਰ ਲਿਆ ਜਾਵੇ ਕਿ ਇਸ ਪ੍ਰਕਾਰ ਦੀ ਕੋਈ ਵੀ ਸ਼ਿਕਾਇਤ ਤੇ ਸੈਂਪਲ ਅਧਾਰ ਬਣਾ ਕੇ ਠੇਕਾ ਤੁਰੰਤ ਕੈਂਸਲ ਹੋਵੇਗਾ ਅਤੇ ਪੁਲਿਸ ਕਾਰਵਾਈ ਕੀਤੀ ਜਾਵੇਗੀ।

13. ਬੰਦ ਪੈਕਟਾਂ ਵਿੱਚ ਸਮਾਨ ਦੀ ਆਖਰੀ ਮਿਤੀ ਤੋਂ ਬਾਅਦ ਸਮਾਨ ਵੇਚਣ ਤੇ ਸਿੱਧੀ ਕਾਨੂੰਨੀ ਕਾਰਵਾਈ ਦਾ ਜ਼ਿੰਮੇਵਾਰ ਕੰਟੀਨ ਦਾ ਸਫ਼ਲ ਬੋਲੀਕਾਰ ਹੀ ਹੋਵੇਗਾ।
14. ਕੰਟੀਨ ਵਿੱਚ ਅਤੇ ਕੰਟੀਨ ਦੇ ਆਲੇ-ਦੁਆਲੇ ਸਫਾਈ ਦੀ ਜ਼ਿੰਮੇਵਾਰੀ ਕੰਟੀਨ ਪ੍ਰਾਪਤ ਕਰਨ ਵਾਲੇ ਸਫ਼ਲ ਬੋਲੀਕਾਰ ਦੀ ਹੋਵੇਗੀ।
15. ਬਿਜ਼ਲੀ ਦਾ ਬਿੱਲ ਸਮੇਂ ਸਿਰ ਭਰਨ ਦੀ ਜ਼ਿੰਮੇਵਾਰੀ ਕੰਟੀਨ ਠੇਕੇਦਾਰ ਦੀ ਹੋਵੇਗੀ।
16. ਜੇਕਰ ਸਫ਼ਲ ਬੋਲੀਕਾਰ ਕਿਸੇ ਕਾਰਨ ਕੰਟੀਨ ਦਾ ਠੇਕਾ ਸੈਸ਼ਨ ਦੌਰਾਨ ਛੱਡ ਦਿੰਦਾ ਹੈ ਜਾਂ ਨਿਰਧਾਰਿਤ ਸ਼ਰਤਾਂ ਤੇ ਕਾਰਜ ਨਹੀਂ ਕਰਦਾ ਹੈ ਤਾਂ ਉਹ 100000/-ਜੁਰਮਾਨੇ ਵਜੋਂ ਅਦਾ ਕਰੇਗਾ ਨਹੀਂ ਕਾਨੂੰਨੀ ਕਾਰਵਾਈ ਦਾ ਭਾਗੀਦਾਰ ਹੋਵੇਗਾ।

ਅੰਤ ਵਿੱਚ ਇਹ ਮੁੜ ਦੱਸਿਆ ਜਾ ਰਿਹਾ ਹੈ ਕਿ ਕੰਟੀਨ ਦੀ ਬੋਲੀ ਕੇਵਲ ਕੁਟੇਸ਼ਨ ਭੇਜਣ ਵਾਲਾ ਹੀ ਦੇ ਸਕਦਾ ਹੈ।

ਪੀ ਡਬਲਯੂ ਡੀ ਵਿਭਾਗ ਰੋਪੜ ਪੰਜਾਬ ਸਰਕਾਰ ਦੁਆਰਾ ਨਿਰਧਾਰਿਤ ਕਿਰਾਇਆ ਕੰਟੀਨ ਦੀ ਸਫ਼ਲ ਬੋਲੀ ਤੋਂ ਤੁਰੰਤ ਬਾਅਦ ਸਰਕਾਰੀ ਖਾਤੇ ਵਿੱਚ ਚਲਾਨ ਰਾਹੀਂ ਜ਼ਮ੍ਹਾਂ ਕਰਵਾਉਣਾ ਹੋਵੇਗਾ।

ਉੱਚੀ ਬੋਲੀ ਦੇਣ ਉਪਰੰਤ ਮੌਕੇ ਤੇ ਹੀ ਬੋਲੀ ਦੀ ਰਕਮ ਕਾਲਜ ਨੂੰ ਅਦਾ ਕਰਨੀ ਹੋਵੇਗੀ।

Principal
Govt. College
Ropar
26/8/

**ਬੋਲੀਕਾਰ ਦਾ ਬਿਆਨ ਅਤੇ ਸਵੈ ਘੋਸ਼ਣਾ**

ਅਸੀਂ ਬਿਆਨ ਕਰਦੇ ਹਾਂ ਕਿ ਇਨ੍ਹਾਂ ਸ਼ਰਤਾਂ ਨੂੰ ਆਪਣੀ ਸੰਤੁਸ਼ਟੀ ਦੇ ਪੱਧਰ ਤੇ ਚੰਗੀ ਤਰ੍ਹਾਂ ਸਮਝ ਲਿਆ ਹੈ, ਇਸ ਅਨੁਸਾਰ ਹੀ ਬੋਲੀ ਦੇਣ ਲਈ ਤਿਆਰ ਹਾਂ ਅਤੇ ਆਪਣੇ ਹਸਤਾਖ਼ਰ ਕਰ ਰਹੇ ਹਾਂ।

**ਬੋਲੀਕਾਰ ਦੇ ਹਸਤਾਖ਼ਰ:**